ਬੱਚਿਆਂ ਲਈ ਬਾਈਬਲ

ਉਪੱਸਥਿਤ

# ਦਾਨੀਏਲ ਅਤੇ ਰਹੱਸਮਯ ਸੁਫਨਾਂ



ਦੁਆਰਾ ਲਿਖਿਆ ਗਿਆ : Edward Hughes

ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Jonathan Hay

ਦੁਆਰਾ ਬਦਲਿਆ ਗਿਆ : Mary-Anne S.

ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque

ਦੁਆਰਾ ਬਣਾਇਆ ਗਿਆ : Bible for Children
www.M1914.org

©2017 Bible for Children, Inc.
ਆਗਿਆ ਦੇਣੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।

ਬਾਦਸ਼ਾਹ ਨੇਂ ਸੁਫਨਾਂ ਵੇਖਿਆ ਅਤੇ ਉਸ ਸੁਫਨੇਂ ਨੇਂ ਉਸਨੂੰ ਬਹੁਤ ਪਰੇਸ਼ਾਨ ਕੀਤਾ। ਪਰਮੇਸ਼ਵਰ ਦੀ ਸਾਮਰਥ ਨਾਲ ਦਾਨੀਏਲ ਬਾਦਸ਼ਾਹ ਨੂੰ ਸੁਫਨੇਂ ਦਾ ਭੇਤ ਦੱਸ ਸਕਿਆ।



ਪਹਿਲੀ ਗੱਲ ਦਾਨੀਏਲ ਨੇਂ ਸੁਫਨੇਂ ਨੂੰ ਉਸੇ ਤਰ੍ਹਾਂ ਵਿਸਥਾਰ ਵਿੱਚ ਦੱਸਿਆ, ਹੇ ਬਾਦਸ਼ਾਹ, ਤੁਸੀ ਇੱਕ ਮਹਾਨ ਸੂਰਤ ਦੀ ਵੱਡੀ ਮੂਰਤ ਦੇਖੀ। ਉਹ ਦਾ ਰੂਪ ਭਿਆਨਕ ਸੀਂ।



“ਉਸ ਮੂਰਤ ਦਾ ਸਿਰ ਸੋਨੇ ਦਾ ਸੀਂ,” ਦਾਨੀਏਲ ਬੋਲਦਾ
ਗਿਆ।



“ਉਸ ਦੀ ਹਿੱਕ ਅਤੇ
ਬਾਹਾਂ ਚਾਂਦੀ ਦੀਆ
ਬਣੀਆਂ ਸਨ।”



“ਉਸ ਦਾ ਢਿੱਡ ਅਤੇ ਪੱਟ ਪਿੱਤਲ ਦੇ ਬਣੇ ਸਨ।”



ਉਸਦੀਆਂ ਲੱਤਾਂ ਲੋਹੇ
ਦੀਆਂ, ਉਸਦੇ ਪੈਰ
ਕੁਝ ਲੋਹੇ ਦੇ ਅਤੇ
ਕੁਝ ਮਿੱਟੀ
ਦੇ ਸਨ।



ਬਾਦਸ਼ਾਹ ਨੂੰ ਬੁੱਤ ਦੇ ਬਾਰੇ ਦੱਸਣ ਤੋਂ ਬਾਅਦ,
ਦਾਨੀਏਲ ਨੇਂ ਉਸਨੂੰ ਬਾਕੀ ਦਾ ਸੁਫਨਾਂ ਦੱਸਿਆ।



ਦਾਨੀਏਲ ਨੇ ਬਾਦਸ਼ਾਹ ਨੂੰ ਦੱਸਿਆ, “ਤੁਸੀਂ ਇੱਥੋਂ ਤੱਕ ਵੇਖਿਆ ਭਈ ਇੱਕ ਪੱਥਰ ਬਿਨਾਂ ਹੱਥ ਲਾਏ ਵੱਡ ਕੇ ਕੱਢਿਆ ਗਿਆ। ”



ਪੱਥਰ ਨੇਂ ਉਸ ਮੂਰਤ ਨੂੰ ਉਹਦੇ
ਪੈਰਾਂ ਉੱਤੇ ਜਿਹੜੇ ਲੋਹੇ ਦੇ ਅਤੇ
ਮਿੱਟੀ ਦੇ ਸਨ ਮਾਰਿਆ ਅਤੇ
ਉਹ ਨੂੰ ਟੋਟੇ ਟੋਟੇ
ਕਰ ਦਿੱਤਾ।



“ਤਦ ਮੂਰਤ ਮਿੱਟੀ ਵਾਂਗੂੰ ਢਹਿ ਗਈ ਅਤੇ ਉੱਡ ਗਈ।” ਦਾਨੀਏਲ ਰੁਕਿਆ। “ਉਹ ਪੱਥਰ ਇੱਕ ਵੱਡਾ ਪਹਾੜ ਬਣ ਗਿਆ ਅਤੇ ਸਾਰੀ ਧਰਤੀ ਨੂੰ ਭਰ ਦਿੱਤਾ।”



ਬਾਦਸ਼ਾਹ ਹੈਰਾਨ ਸੀਂ। ਉਹ ਇੱਕ ਦਮ ਉਵੇਂ ਹੀ ਸੀ ਜਿਵੇਂ ਉਸਨੇ ਵੇਖਿਆ ਸੀਂ। ਦਾਨੀਏਲ ਉਹ ਕਿਵੇਂ ਜਾਣਦਾ ਸੀਂ? ਕਿਉਂਕਿ ਸਿਰਫ਼ ਪਰਮੇਸ਼ਵਰ ਨੇਂ ਉਸਨੂੰ ਦੱਸਿਆ ਸੀਂ। ਤਦ ਦਾਨੀਏਲ ਨੇ ਬਾਦਸ਼ਾਹ ਨਬੂਕਦਨੇਸਰ ਨੂੰ ਉਸਦਾ ਅਰਥ ਦੱਸਣਾ ਸ਼ੁਰੂ ਕੀਤਾ।



ਦਾਨੀਏਲ ਨੇ ਬਾਦਸ਼ਾਹ ਨੂੰ ਦੱਸਿਆ, "ਆਕਾਸ਼ ਦੇ ਪਰਮੇਸ਼ਵਰ ਨੇ ਤੁਹਾਨੂੰ ਰਾਜ, ਸ਼ਕਤੀ, ਤਾਕਤ ਅਤੇ ਤੇਜ ਦਿੱਤਾ। ਉਹ ਸੋਨੇ ਦਾ ਸਿਰ ਤੁਸੀਂ ਹੀ ਹੋ।"



ਦਾਨੀਏਲ ਨੇ ਬਾਦਸ਼ਾਹ ਨੂੰ ਦੱਸਿਆ ਕੀ ਤੇਰੇ ਸੋਨੇ ਦੀ ਬਾਦਸ਼ਾਹਤ ਦਾ ਅੰਤ ਹੋਵੇਗਾ।



ਮੂਰਤ ਦੇ ਚਾਂਦੀ ਦੇ ਹਿੱਸੇ ਦਾ
ਅਰਥ ਹੈ ਕੀ ਕਮਜ਼ੋਰ
ਬਾਦਸ਼ਾਹ ਉਸਦੀ
ਜਗ੍ਹਾ ਲੈ ਲਵੇਗਾ।
ਪਿੱਤਲ ਤੋਂ
ਅਰਥ ਇੱਕ
ਹੋਰ ਬਾਦਸ਼ਾਹ।
ਲੋਹਾ ਅਤੇ
ਮਿੱਟੀ ਚੌਥੀ
ਬਾਦਸ਼ਾਹਤ ਲਈ
ਖੜੇ ਹਨ।



ਆਖਰੀ ਗੱਲ ਜੋ ਦਾਨੀਏਲ ਨੇ ਬਾਦਸ਼ਾਹ ਨੂੰ ਦੱਸੀ ਉਹ ਇਹ ਸੀਂ, ਸਵਰਗ ਦਾ ਪਰਮੇਸ਼ਵਰ ਇੱਕ ਰਾਜ ਖੜ੍ਹਾ ਕਰੇਗਾ ਜਿਹੜਾ ਸਦਾ ਤੀਕ ਨੇਸਤ ਨਾਂ ਹੋਵੇਗਾ।



ਬਾਦਸ਼ਾਹ ਜਾਣ ਗਿਆ ਕੀ ਸਿਰਫ ਪਰਮੇਸ਼ਵਰ ਹੀ ਦਾਨੀਏਲ ਨੂੰ ਸੁਫਨਾਂ ਜਾਨਣ ਲਈ ਬੁਧੀ ਅਤੇ ਸਮਝ ਦੇ ਸਕਦਾ ਹੈ। ਨਬੂਕਦਨੇਸਰ ਨੇ ਦਾਨੀਏਲ ਨੂੰ ਬਹੁਤ ਉਪਹਾਰ ਦਿੱਤੇ ਅਤੇ ਆਪਣੀ ਬਾਦਸ਼ਾਹਤ ਵਿੱਚ ਬਹੁਤ ਹੀ ਮਹੱਤਵਪੂਰਣ ਮਨੁੱਖ ਬਣਾ ਦਿੱਤਾ।




ਪਾਤਸ਼ਾਹੀਆਂ 1, 2, ਅਤੇ ਤਿੰਨ ਆਈਆਂ ਅਤੇ ਚਲੀਆਂ ਗਈਆਂ।
ਪਰਮੇਸ਼ਵਰ ਦੀ ਪਾਤਸ਼ਾਹੀ ਚੋਥੀ (4) ਪਾਤਸ਼ਾਹੀ ਦੇ ਬਾਅਦ ਆਵੇਗੀ।


ਮਸੀਹਾ ਧਰਤੀ ਤੇ ਰਾਜ ਕਰੇਗਾ।
ਅਤੇ ਅਤੇ ਇਹ ਸ਼ਾਇਦ ਜਲਦੀ ਹੋਵੇਗਾ!

# ਦਾਨੀਏਲ ਅਤੇ ਰਹੱਸਮਯ ਸੁਫਨਾਂ

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਦਾਨੀਏਲ ਦੀ ਕਿਤਾਬ 2

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

# ਸਮਾਪਤ

ਇਹ ਬਾਈਬਲ ਦੀ ਕਹਾਣੀ ਸਾਨੂੰ ਸਾਡੇ
ਅਨੋਖੇ ਪਰਮੇਸ਼ਵਰ ਦੇ ਬਾਰੇ ਦੱਸਦੀ ਹੈ, ਜਿਸ ਨੇ ਸਾਨੂੰ
ਬਣਾਇਆ ਅਤੇ ਉਹ ਚਾਹੁੰਦਾ ਹੈ ਕਿ ਅਸੀ ਉਸਨੂੰ ਜਾਣੀਏ।

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ। ਜਿਨ੍ਹਾਂ ਨੂੰ ਉਹ
ਪਾਪ ਕਹਿੰਦਾ ਹੈ।ਪਾਪ ਦੀ ਸਜ਼ਾ ਮੌਤ ਹੈ, ਪਰ ਪਰਮੇਸ਼ਵਰ ਤੁਹਾਨੂੰ
ਬਹੁਤ ਪਿਆਰ ਕਰਦਾ ਹੈ।ਇਸ ਲਈ ਉਸਨੇ ਆਪਣੇ ਇਕਲੌਤੇ ਪੁੱਤਰ
ਯਿਸੂ ਨੂੰ ਭੇਜ਼ਿਆਂ, ਕਿ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ
ਸਾਡੇ ਗੁਨਾਹਾਂ ਲਈ ਸ਼ਜਾ ਪਾਵੇ।ਤਦ ਯਿਸੂ ਮੁਰਦਿਆਂ ਵਿੱਚੋ ਜੀ ਉਠਿਆਂ
ਅਤੇ ਆਪਣੇ ਸਵਰਗੀ ਘਰ ਨੂੰ ਵਾਪਿਸ ਪਰਤ ਗਿਆ।ਜ਼ੇਕਰ ਤੁਸੀ ਯਿਸੂ
ਉਤੇ ਵਿਸ਼ਵਾਸ਼ ਕਰਕੇ ਆਪਣੇ ਪਾਪਾ ਲਈ ਮੁਆਫੀ ਮੰਗਦੇ ਹੋ ਤਾਂ ਉਹ
ਤੁਹਾਡੇ ਲਈ ਇਹ ਕਰੇਗਾ।ਉਹ ਆਵੇਗਾ ਅਤੇ ਹੁਣ ਤੁਹਾਡੇ ਵਿੱਚ
ਵੱਸੇਗਾ, ਅਤੇ ਤੁਸੀ ਉਸਦੇ ਨਾਲ ਹਮੇਸ਼ਾ ਤੱਕ ਵੱਸੋਗੇ।

ਜ਼ੇਕਰ ਤੁਸੀ ਵਿਸ਼ਵਾਸ਼ ਕਰਦੇ ਹੋ ਕਿ ਇਹ ਸੱਚਾਈ ਹੈ ਤਾਂ ਪਰਮੇਸ਼ਵਰ ਨੂੰ ਇਹ ਆਖੋ ਪਿਆਰੇ ਯਿਸੂ, ਮੈ ਵਿਸ਼ਵਾਸ਼ ਕਰਦਾ ਹਾਂ ਕਿ ਤੁਸੀ ਪਰਮੇਸ਼ਵਰ ਹੋ, ਅਤੇ ਤੁਸੀ ਇਨਸਾਨ ਬਣੇ ਕਿ ਮੇਰੇ ਪਾਪਾਂ ਲਈ ਮਰੋ ਅਤੇ ਹੁਣ ਤੁਸੀ ਜਿੰਦਾ ਹੋ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਪਾਪਾਂ ਨੂੰ ਮੁਆਫ਼ ਕਰੋ, ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ, ਅਤੇ ਇੱਕ ਦਿਨ ਤੁਹਾਡੇ ਨਾਲ ਹਮੇਸ਼ਾਂ ਦੇ ਲਈ ਜਾਵਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੀ ਆਗਿਆ ਨੂੰ ਮੰਨਾ ਅਤੇ ਤੁਹਾਡੇ ਲਈ ਜੀਵਾਂ, ਤੁਹਾਡਾ ਬੱਚਾ ਬਣ ਕੇ ਆਮੀਨ।

ਪਰਮੇਸ਼ਵਰ ਦੇ ਵਚਨ ਨੂੰ ਪੜੋ ਅਤੇ ਰੋਜ਼ਾਨਾਂ ਉਸਦੇ ਨਾਲ ਗੱਲਬਾਤ ਕਰੋ। ਯਹੂੰਨਾ ਦੀ ਇੰਜ਼ੀਲ 3:16